ਪੰਜਾਬ ਸਰਕਾਰ
ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ
ਵਿਕਾਸ ਭਵਨ, ਸੈਕਟਰ 62, ਫੇਜ਼ 8, ਸਾਹਿਬਜਾਦਾ ਅਜੀਤ ਸਿੰਘ ਨਗਰ
(ਚੋਣ ਸ਼ਾਖਾ)

ਸੇਵਾ ਵਿਖੇ,

ਰਾਜ ਦੇ ਸਮੂਹ
1) ਵਧੀਕ ਡਿਪਟੀ ਕਮਿਸ਼ਨਰ (ਵਿਕਾਸ);
2) ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ।

ਪੱਤਰ ਨੰਬਰ ਡੀ.ਪੀ.ਈ-2/3/2007/ਈ-1/2025/ 2926-27
ਮਿਤੀ 30.07.25

ਵਿਸ਼ਾ:- ਪੰਚਾਇਤ ਸੰਮਤੀਆਂ ਅਤੇ ਜਿਲ੍ਹਾ ਪ੍ਰੀਸ਼ਦਾਂ ਦੇ ਚੋਣ ਹਲਕੇ ਬਨਾਉਣ ਸਬੰਧੀ।

*******************

ਪੰਚਾਇਤ ਸੰਮਤੀਆਂ ਅਤੇ ਜਿਲ੍ਹਾ ਪ੍ਰੀਸ਼ਦ ਦੀਆਂ ਆਮ ਚੋਣਾਂ ਸਰਕਾਰ ਵਲੋਂ ਮਿਤੀ 05.10.2025 ਤੱਕ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ। ਆਪ ਵਲੋਂ ਭੇਜੇ ਗਏ ਬਲਾਕਾਂ ਦੇ ਪੁਨਰਗਠਨ ਕਰਨ ਸਬੰਧੀ ਤਜਵੀਜਾਂ ਮੰਤਰੀ ਮੰਡਲ ਵਲੋਂ ਕੀਤੀ ਗਈ ਮੀਟਿੰਗ ਵਿਚ ਪ੍ਰਵਾਨ ਕਰ ਲਈਆਂ ਗਈਆਂ ਹਨ। ਇਸ ਅਨੁਸਾਰ ਹੀ ਪੰਚਾਇਤ ਸੰਮਤੀਆਂ ਅਤੇ ਜਿਲ੍ਹਾ ਪ੍ਰੀਸ਼ਦਾਂ ਦੇ ਚੋਣ ਹਲਕੇ ਬਣਾਏ ਜਾਣੇ ਹਨ। ਇਸ ਸਬੰਧੀ ਅੱਜ ਮਿਤੀ 30.07.2025 ਨੂੰ ਮਾਨਯੋਗ ਪ੍ਰਬੰਧਕੀ ਸਕੱਤਰ, ਪੇਂਡੂ ਵਿਕਾਸ ਅਤੇ ਪੰਚਾਇਤ ਅਤੇ ਨਿਮਨ ਹਸਤਾਖਰ ਵਲੋਂ ਵੀ.ਸੀ. ਰਾਹੀਂ ਆਪ ਨੂੰ ਚੋਣ ਹਲਕੇ ਬਨਾਉਣ ਸਬੰਧੀ ਹੇਠ ਲਿਖੇ ਨਿਰਦੇਸ਼ ਦਿੱਤੇ ਹਨ:-

1. ਬਲਾਕਾਂ ਦੇ ਪੁਨਰਗਠਨ ਸਬੰਧੀ ਭੇਜੀਆਂ ਗਈਆਂ ਤਜਵੀਜਾਂ ਅਨੁਸਾਰ ਹੀ ਚੋਣ ਹਲਕੇ ਬਣਾਏ ਜਾਣੇ।
2. ਚੋਣ ਹਲਕੇ ਬਨਾਉਣ ਲਈ ਸਾਰੇ ਸਟੈਕ ਹੋਲਡਰਾਂ ਨਾਲ ਤਾਲਮੇਲ/ਮੀਟਿੰਗ ਕਰਕੇ ਚੋਣ ਹਲਕੇ ਤਿਆਰ ਕੀਤੇ ਜਾਣ।
3. ਚੋਣ ਹਲਕੇ ਬਨਾਉਣ ਸਮੇਂ ਨਿਯਮਾਂ ਨੂੰ ਧਿਆਨ ਵਿਚ ਰੱਖਿਆ ਜਾਵੇ।
4. ਇਹ ਚੋਣ ਹਲਕੇ ਨੱਥੀ ਪ੍ਰੋਫਾਰਮਿਆਂ ਵਿਚ ਹੀ ਭਰ ਕੇ ਭੇਜੇ ਜਾਣ।

ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ ਖੁਦ ਪੰਚਾਇਤ ਸੰਮਤੀਆਂ ਅਤੇ ਜਿਲ੍ਹਾ ਪ੍ਰੀਸ਼ਦਾਂ ਦੇ ਚੋਣ ਹਲਕੇ ਨੱਥੀ ਪ੍ਰਫਾਰਮੇ ਵਿਚ ਬਣਾ ਕੇ ਮਿਤੀ 04.08.2025 ਨੂੰ 11.00 ਵਜੇ ਅਧਿ-ਸੂਚਨਾਂ ਦੀਆਂ 2-2 ਕਾਪੀਆਂ ਪੈਨ ਡਰਾਈਵ ਸਮੇਤ ਲਿਆਉਣ। ਚੋਣ ਹਲਕੇ ਨਕਸ਼ੇ ਵਿਚ ਵੱਖਰੇ-ਵੱਖਰੇ ਰੰਗਾਂ ਵਿਚ ਦਰਸਾ ਕੇ ਨਕਸ਼ਾ ਭੇਜਿਆ ਜਾਵੇ ਤਾਂ ਜੋ ਘੋਖ ਕੀਤੀ ਜਾ ਸਕੇ ਕਿ ਚੋਣ ਹਲਕੇ ਨਾਲ ਲੱਗਦੀਆਂ ਗਰਾਮ ਪੰਚਾਇਤਾਂ ਦੇ ਬਣਾਏ ਗਏ ਹਨ।

ਪੰਚਾਇਤ ਸੰਮਤੀਆਂ/ਜਿਲ੍ਹਾ ਪ੍ਰੀਸ਼ਦਾਂ ਵਿਚ ਆਉਂਦੀਆਂ ਗਰਾਮ ਸਭਾਵਾਂ ਸਮੇਤ ਪਿੰਡ ਦੇ ਨਾਮ ਤੇ ਹੱਦਬਸਤ ਨੰਬਰ ਦਰਸਾਏ ਜਾਣ। ਇਹ ਵੀ ਸਰਟੀਫਿਕੇਟ ਦਿੱਤਾ ਜਾਵੇ ਕਿ ਹਰ ਇੱਕ ਪੰਚਾਇਤ ਸੰਮਤੀ ਦੇ ਸਮੂਹ ਪਿੰਡ/ਗਰਾਮ ਸਭਾਵਾਂ ਤਜਵੀਜ਼ ਕੀਤੇ ਚੋਣ ਹਲਕਿਆਂ ਵਿਚ ਸ਼ਾਮਿਲ ਹਨ ਅਤੇ ਕੋਈ ਵੀ ਪਿੰਡ ਜਾਂ ਗਰਾਮ ਸਭਾ ਖੇਤਰ ਅਜਿਹਾ ਨਹੀਂ ਹੈ ਜੋ ਪੰਚਾਇਤ ਸੰਮਤੀ/ਜਿਲ੍ਹਾ ਪ੍ਰੀਸ਼ਦ ਦੇ ਚੋਣ ਹਲਕੇ ਵਿਚ ਸ਼ਾਮਿਲ ਕਰਨ ਤੋਂ ਰਹਿ ਗਿਆ ਹੋਵੇ।

Scanned with OKEN Scanner

ਇਸ ਸਬੰਧੀ ਮਾਨਯੋਗ ਪ੍ਰਬੰਧਕੀ ਸਕੱਤਰ, ਵਲੋਂ ਮਿਤੀ 02.08.2025 ਨੂੰ ਵੀ.ਸੀ. ਰਾਹੀਂ 11.00 ਵਜੇ ਰਵਿਊ ਕੀਤਾ ਜਾਵੇਗਾ। ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ। ਜੇਕਰ ਮਿੱਥੇ ਸਮੇਂ ਵਿਚ ਚੋਣ ਹਲਕਿਆਂ ਸਬੰਧੀ ਤਜਵੀਜਾਂ ਨਹੀਂ ਭੇਜੀਆਂ ਜਾਂਦੀਆਂ ਤਾਂ ਉਸ ਅਧਿਕਾਰੀ ਵਿਰੁੱਧ ਅਨੁਸ਼ਾਸਨੀ ਕਾਰਵਾਈ ਕਰਨ ਤੋਂ ਗੁਰੇਜ਼ ਨਹੀਂ ਕੀਤਾ ਜਾਵੇਗਾ।

ਇਸ ਕੰਮ ਨੂੰ ਪਰਮ ਅਗੇਤ ਦਿੱਤੀ ਜਾਵੇ।

30/7/25

ਸਪੈਸ਼ਲ ਸਕੱਤਰ ਪੰਜਾਬ ਸਰਕਾਰ
ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ।

ਪਿੱਠ ਅੰਕਣ ਨੰਬਰ ਪੱਤਰ ਨੰਬਰ ਡੀ.ਪੀ.ਈ-2/3/2007/ਈ-1/2025/2928-31 ਮਿਤੀ 30.07.25

ਉਪਰੋਕਤ ਦੀ ਇੱਕ ਨਕਲ ਰਾਜ ਦੇ ਸਮੂਹ:-

1 ਡਿਪਟੀ ਕਮਿਸ਼ਨਰਜ਼;
2. ਡਵੀਜ਼ਨਲ ਡਿਪਟੀ ਡਾਇਰੈਕਟਰ, ਪੰਚਾਇਤ ਨੂੰ ਲਿਖਿਆ ਜਾਂਦਾ ਹੈ ਕਿ ਉਹ ਆਪਣੀ ਡਵੀਜਨ ਵਿਚ ਪੈਂਦੇ ਜਿਲਿਆਂ ਦੇ ਚੋਣ ਹਲਕੇ ਬਨਾਉਣ ਸਬੰਧੀ ਸੁਪਰਵੀਜਨ ਕਰਨਗੇ।
3. ਉਪ ਮੁੱਖ ਕਾਰਜਕਾਰੀ ਅਫਸਰ, ਜਿਲ੍ਹਾ ਪ੍ਰੀਸ਼ਦ ਅਤੇ
4. ਬਲਾਕ ਵਿਕਾਸ ਅਤੇ ਪੰਚਾਇਤ ਅਫਸਰਜ਼।

ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਈ ਹਿੱਤ ਭੇਜੀ ਜਾਂਦੀ ਹੈ।

30/7/25

ਸਪੈਸ਼ਲ ਸਕੱਤਰ ਪੰਜਾਬ ਸਰਕਾਰ
ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ।

ਪਿੱਠ ਅੰਕਣ ਨੰਬਰ ਪੱਤਰ ਨੰਬਰ ਡੀ.ਪੀ.ਈ-2/3/2007/ਈ-1/2025/ 2932 ਮਿਤੀ 30.07.2025

ਉਪਰੋਕਤ ਦਾ ਇੱਕ ਉਤਾਰਾ ਰਾਜ ਚੋਣ ਕਮਿਸ਼ਨ, ਪੰਜਾਬ, ਐਸ.ਸੀ.ਓ.ਨੰ. 49, ਸੈਕਟਰ 17-ਈ, ਚੰਡੀਗੜ੍ਹ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

30/7/25

ਸਪੈਸ਼ਲ ਸਕੱਤਰ ਪੰਜਾਬ ਸਰਕਾਰ
ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ।

Scanned with OKEN Scanner

ਪੰਜਾਬ ਸਰਕਾਰ

ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ

ਅਧਿਸੂਚਨਾ

ਮਿਤੀ

ਨੰ: ਜਿਲ੍ਹਾ ਪ੍ਰੀਸ਼ਦ________________ ਪੰਜਾਬ ਸਰਕਾਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੀ ਅਧਿਸੂਚਨਾਂ ਨੰਬਰ: 2018 ਨੂੰ ਪ੍ਰਭਾਵਹੀਣ ਕਰਦੇ ਹੋਏ ਪੰਜਾਬ ਪੰਚਾਇਤੀ ਰਾਜ ਐਕਟ, 1994 (1994 ਦਾ ਪੰਜਾਬ ਐਕਟ ਨੰਬਰ 9) ਦੀ ਧਾਰਾ 163 ਦੁਆਰਾ ਪ੍ਰਦਾਨ ਕੀਤੇ ਅਖਤਿਆਰਾਂ ਅਤੇ ਇਸ ਪੱਖੋ ਉਨ੍ਹਾਂ ਨੂੰ ਸਮਰੱਥ ਬਣਾਉਂਦੇ ਹੋਰ ਸਾਰੇ ਅਖਤਿਆਰਾਂ ਦੀ ਵਰਤੋਂ ਕਰਦੇ ਹੋਏ ਪੰਜਾਬ ਦੇ ਰਾਜਪਾਲ ਜੀ ਹੇਠ ਦਰਸਾਈ ਅਨੁਸੂਚੀ ਦੇ ਖਾਨਾ ਨੰਬਰ 2 ਵਿਚ ਵਰਨਣ ਕੀਤੇ ਹਲਕੇ ਨੂੰ ਜੋ ਉਕਤ ਅਨੁਸੂਚੀ ਦੇ ਖਾਨਾ ਨੰਬਰ 3 ਵਿਚ ਦਰਸਾਏ ____________ ਜਿਲ੍ਹੇ ਵਿਚਲੀ ਜਿਲ੍ਹਾ ਪ੍ਰੀਸ਼ਦ ਦੇ ਖੇਤਰ ਵਿਚ ਹੈ, ਪ੍ਰਸੰਨਤਾ-ਪੂਰਵਕ ਚੋਣ ਖੇਤਰ ਅਧਿਸੂਚਿਤ ਕਰਦੇ ਹਨ:-

ਅਨੁਸੂਚੀ

| ਜਿਲ੍ਹਾ ਪ੍ਰੀਸ਼ਦ ____________ ਦਾ ਖੇਤਰ | | | |
|---|---|---|---|
| ਲੜੀ ਨੰਬਰ | ਇਲਾਕਾਈ ਚੋਣ ਖੇਤਰ ਦਾ ਨਾਂ | ਖੇਤਰ ਵਿਚ ਸ਼ਾਮਿਲ ਕੀਤੇ ਪਿੰਡ/ਹੱਦਬਸਤ ਨੰਬਰ | ਖੇਤਰ ਵਿਚ ਸ਼ਾਮਿਲ ਕੀਤੀਆਂ ਪੰਚਾਇਤਾਂ ਦੇ ਨਾਂ |
| 1 | 2 | 3 | 4 |

Scanned with OKEN Scanner

## ਜਿਲ੍ਹਾ ਪ੍ਰੀਸ਼ਦ ਦੇ ਚੋਣ ਹਲਕੇ

| ਲੜੀ ਨੰਬਰ | ਚੋਣ ਹਲਕੇ ਦਾ ਨੰਬਰ ਅਤੇ ਨਾਂ | ਖੇਤਰ ਵਿਚ ਸ਼ਾਮਿਲ ਕੀਤੇ ਪਿੰਡ/ਹੱਦਬਸਤ ਨੰਬਰ | ਖੇਤਰ ਵਿਚ ਸ਼ਾਮਿਲ ਕੀਤੀਆਂ ਪੰਚਾਇਤਾਂ ਦੇ ਨਾਂ | ਕੁੱਲ ਅਬਾਦੀ | ਅ.ਜ.ਅਬਾਦੀ | ਪੱਛੜੀਆਂ ਸ੍ਰੇਣੀਆਂ ਦੀ ਅਬਾਦੀ | ਵਿਸ਼ੇਸ ਕਥਨ |
|---|---|---|---|---|---|---|---|
| 1 | 2 | 3 | 4 | 5 | 6 | 7 | 8. |
| | | | | | | | |

**ਸਰਟੀਫਿਕੇਟ:-**

ਤਸਦੀਕ ਕੀਤਾ ਜਾਂਦਾ ਹੈ ਕਿ ਹੰਰ ਇੱਕ ਪੰਚਾਇਤ ਸੰਮਤੀ/ਜਿਲ੍ਹਾ ਪ੍ਰੀਸ਼ਦ ਦੇ ਨਕਸ਼ੇ ਵਿਚ ਦਰਸਾਏ ਸਾਰੇ ਪਿੰਡ/ਗਰਾਮ ਸਭਾਵਾਂ ਚੋਣ ਹਲਕਿਆਂ ਵਿਚ ਸ਼ਾਮਿਲ ਹਨ ਤੇ ਕੋਈ ਪਿੰਡ/ਗਰਾਮ ਸਭਾ ਖੇਤਰ ਸ਼ਾਮਿਲ ਕਰਨ ਤੋਂ ਨਹੀਂ ਰਹਿੰਦਾ। ਕੋਈ ਅਜਿਹਾ ਪਿੰਡ/ਗਰਾਮ ਸਭਾਂ ਸ਼ਾਮਿਲ ਨਹੀਂ ਹੈ, ਜੋ ਨਗਰ ਕੌਸ਼ਿਲ/ਮਿਊਸੀਪਲ ਕਾਰਪੋਰੇਸ਼ਨ ਵਿਚ ਵੀ ਸ਼ਾਮਿਲ ਹੋਵੇ।

Scanned with OKEN Scanner

ਪੰਜਾਬ ਸਰਕਾਰ

ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ

ਅਧਿਸੂਚਨਾਂ

ਮਿਤੀ

ਨੰ: ਪੀ.ਐਸ.ਸੀ________________________ ਪੰਜਾਬ ਸਰਕਾਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੀ ਅਧਿਸੂਚਨਾਂ ਨੰਬਰ: 2018 ਨੂੰ ਪ੍ਰਭਾਵਹੀਣ ਕਰਦੇ ਹੋਏ ਪੰਜਾਬ ਪੰਚਾਇਤੀ ਰਾਜ ਐਕਟ, 1994 (1994 ਦਾ ਪੰਜਾਬ ਐਕਟ ਨੰਬਰ 9) ਦੀ ਧਾਰਾ 100 ਦੁਆਰਾ ਪ੍ਰਦਾਨ ਕੀਤੇ ਅਖਤਿਆਰਾਂ ਅਤੇ ਇਸ ਪੱਖੋ ਉਨ੍ਹਾਂ ਨੂੰ ਸਮਰੱਥ ਬਣਾਉਂਦੇ ਹੋਰ ਸਾਰੇ ਅਖਤਿਆਰਾਂ ਦੀ ਵਰਤੋਂ ਕਰਦੇ ਹੋਏ ਪੰਜਾਬ ਦੇ ਰਾਜਪਾਲ ਜੀ ਹੇਠ ਦਰਸਾਈ ਅਨੁਸੂਚੀ ਦੇ ਖਾਨਾ ਨੰਬਰ 2 ਵਿਚ ਵਰਨਣ ਕੀਤੇ ਹਲਕੇ ਨੂੰ ਜੋ ਉਕਤ ਅਨੁਸੂਚੀ ਦੇ ਖਾਨਾ ਨੰਬਰ 3 ਵਿਚ ਦਰਸਾਏ __________________ ਜਿਲ੍ਹੇ ਵਿਚਲੀ ਪੰਚਾਇਤ ਸੰਮਤੀ ਦੇ ਖੇਤਰ ਵਿਚ ਹੈ, ਪ੍ਰਸੰਨਤਾ-ਪੂਰਵਕ ਚੋਣ ਖੇਤਰ ਅਧਿਸੂਚਿਤ ਕਰਦੇ ਹਨ:-

ਅਨੁਸੂਚੀ

| ਪੰਚਾਇਤ ਸੰਮਤੀ____________________ ਦਾ ਖੇਤਰ | | | |
|---|---|---|---|
| ਲੜੀ ਨੰਬਰ | ਇਲਾਕਾਈ ਚੋਣ ਖੇਤਰ ਦਾ ਨਾਂ | ਖੇਤਰ ਵਿਚ ਸ਼ਾਮਿਲ ਕੀਤੇ ਪਿੰਡ/ਹੱਦਬਸਤ ਨੰਬਰ | ਖੇਤਰ ਵਿਚ ਸ਼ਾਮਿਲ ਕੀਤੀਆਂ ਪੰਚਾਇਤਾਂ ਦੇ ਨਾਂ |
| 1 | 2 | 3 | 4 |

Scanned with OKEN Scanner

# ਪੰਚਾਇਤ ਸੰਮਤੀ ਦੇ ਚੋਣ ਹਲਕੇ

| ਲੜੀ ਨੰਬਰ | ਚੋਣ ਹਲਕੇ ਦਾ ਨੰਬਰ ਅਤੇ ਨਾਂ | ਖੇਤਰ ਵਿਚ ਸ਼ਾਮਿਲ ਕੀਤੇ ਪਿੰਡ/ਹੱਦਬਸਤ ਨੰਬਰ | ਖੇਤਰ ਵਿਚ ਸ਼ਾਮਿਲ ਕੀਤੀਆਂ ਪੰਚਾਇਤਾਂ ਦੇ ਨਾਂ | ਕੁੱਲ ਅਬਾਦੀ | ਅ.ਜ.ਅਬਾਦੀ | ਪੱਛੜੀਆਂ ਸ਼੍ਰੇਣੀਆਂ ਦੀ ਅਬਾਦੀ | ਵਿਸ਼ੇਸ ਕਥਨ |
|---|---|---|---|---|---|---|---|
| 1 | 2 | 3 | 4 | 5 | 6 | 7 | 8 |

**ਸਰਟੀਫਿਕੇਟ:-**

ਤਸਦੀਕ ਕੀਤਾ ਜਾਂਦਾ ਹੈ ਕਿ ਪੰਚਾਇਤ ਸੰਮਤੀ ਦੇ ਨਕਸ਼ੇ ਵਿਚ ਦਰਸਾਏ ਸਾਰੇ ਪਿੰਡ/ਗਰਾਮ ਸਭਾਵਾਂ ਚੋਣ ਹਲਕਿਆਂ ਵਿਚ ਸ਼ਾਮਿਲ ਹਨ ਤੇ ਕੋਈ ਪਿੰਡ/ਗਰਾਮ ਸਭਾ ਖੇਤਰ ਸ਼ਾਮਿਲ ਕਰਨ ਤੋਂ ਨਹੀਂ ਰਹਿੰਦਾ। ਕੋਈ ਅਜਿਹਾ ਪਿੰਡ/ਗਰਾਮ ਸਭਾਂ ਸ਼ਾਮਿਲ ਨਹੀਂ ਹੈ, ਜੋ ਨਗਰ ਕੌਂਸ਼ਿਲ/ਮਿਊਸੀਪਲ ਕਾਰਪੋਰੇਸ਼ਨ ਵਿਚ ਵੀ ਸ਼ਾਮਿਲ ਹੋਵੇ।

Scanned with OKEN Scanner